# ਵਰਲਡ ਪੰਜਾਬੀ ਟਾਈਮਜ਼

WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162

Epaper World Punjabi Times 22 ਅਪ੍ਰੈਲ 2025 ਦਿਨ ਮੰਗਲਵਾਰ ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਪੰਜਾਬ ਨਾਟਸ਼ਾਲਾ ਵਿਚ ਨਾਟਕ 'Forever Queen ਮਹਾਰਾਣੀ ਜਿੰਦਾਂ' ਦਾ ਸਫਲ ਮੰਚਨ

ਵਰਲਡ ਪੰਜਾਬੀ ਟਾਈਮਜ਼



ਅੰਮ੍ਰਿਤਸਰ 22 ਅਪ੍ਰੈਲ : ਅਨਾਮਿਕਾ ਆਰਟਸ ਐਸੋਸੀਏਸ਼ਨ ਅੰਮ੍ਰਿਤਸਰ ਵੱਲੋਂ ਪੰਜਾਬ ਨਾਟਸ਼ਾਲਾ ਦੇ ਸਹਿਯੋਗ ਨਾਲ ਔਰਤ ਦੇ ਸੰਘਰਸ਼ ਦੀ ਕਹਾਣੀ ਬਿਆਨ ਕਰਦੇ ਨਾਟਕ "Forever Queen ਮਹਾਰਾਣੀ ਜਿੰਦਾਂ" ਦਾ ਮੰਚਨ ਕੀਤਾ ਗਿਆ। ਡਾ. ਆਤਮਾ ਸਿੰਘ ਗਿੱਲ ਦੁਆਰਾ ਲਿਖੇ ਅਤੇ ਈਮੈਨੁਅਲ ਸਿੰਘ ਦੁਆਰਾ ਨਿਰਦੇਸ਼ਿਤ ਨਾਟਕ 'Forever Queen ਮਹਾਰਾਣੀ ਜਿੰਦਾਂ' ਰਾਹੀਂ ਅੱਜ ਦੀ ਨਵੀਂ ਪੀੜ੍ਹੀ ਨੂੰ ਪੰਜਾਬ ਦੇ ਉਸ ਸੁਨਹਿਰੀ ਦੌਰ ਨਾਲ ਜਾਣੂ ਕਰਵਾਉਣ ਦਾ ਸਫਲ ਯਤਨ ਕੀਤਾ ਗਿਆ ਜਿਸ ਨੂੰ ਖਾਲਸਾ ਰਾਜ ਜਾਂ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਨਾਟਕ ਵਿੱਚ ਸਿੱਖ ਰਾਜ ਦੀ ਅਧੋਗਤੀ ਦੇ ਨਾਲ ਮਹਾਰਾਣੀ ਜਿੰਦਾਂ ਅਤੇ ਮਹਾਰਾਜਾ ਦਲੀਪ ਸਿੰਘ ਦੇ ਦੁਖਾਂਤ ਨੂੰ ਵਿਭਿੰਨ ਨਾਟਕੀ ਜੁਗਤਾਂ ਰਾਹੀਂ ਪ੍ਰਸਤੁਤ ਕੀਤਾ ਗਿਆ। ਨਾਟਕ ਵਿੱਚ ਮਹਾਰਾਣੀ ਜਿੰਦਾਂ ਦੇ ਜੀਵਨ ਸੰਘਰਸ਼ ਅਤੇ ਖੁੱਸੇ ਹੋਏ ਸਿੱਖ ਰਾਜ ਦੀ ਮੁੜ ਪ੍ਰਾਪਤੀ ਲਈ ਅਤੇ ਬਾਲਕ ਮਹਾਰਾਜੇ ਦਲੀਪ ਸਿੰਘ ਨੂੰ ਉਸਦੇ ਹਕੂਕ ਦਿਵਾਉਣ ਲਈ ਜਦੋ-ਜਹਿਦ ਦ੍ਰਿਸ਼ਟੀਗੋਚਰ ਹੁੰਦੀ ਹੈ।



ਮਹਾਰਾਣੀ ਜਿੰਦਾਂ ਉਹ ਮਹਾਨ ਔਰਤ ਸੀ ਜੋ ਅੰਗਰੇਜ਼ਾਂ ਤੋਂ ਬਾਗੀ ਹੋ ਕੇ ਸਾਰੀ ਉਮਰ ਸ਼ੇਰਨੀ ਵਾਂਗ ਸਿੱਖ ਰਾਜ ਵਾਸਤੇ ਲੜਦੀ ਰਹੀ ਤੇ ਅਖੀਰ ਆਪਣੇ ਪ੍ਰਭਾਵ ਸਦਕਾ ਈਸਾਈ ਬਣੇ ਦਲੀਪ ਸਿੰਘ ਵਿੱਚ ਮੁੜ ਸਿੱਖ ਰਾਜ ਦਾ ਮਹਾਰਾਜਾ ਬਨਣ ਲਈ ਚਿਣਗ ਪੈਦਾ ਕਰਦੀ ਹੈ। ਸ਼ਾਹ ਮੁਹੰਮਦ ਦੀ ਕਵਿਤਾ ਸਿੰਘਾਂ ਤੇ ਫਰੰਗੀਆਂ ਨੂੰ ਅਧਾਰ ਬਣਾ ਕੇ ਤੇ ਇਸ ਦੇ ਲਿਖਤਕਾਰ ਸ਼ਾਹ ਮੁਹੰਮਦ ਨੂੰ ਹੀ ਸੂਤਰਧਾਰ ਬਣਾ ਕੇ, ਨਾਟਕੀ ਪੇਸ਼ਕਾਰੀ ਨੂੰ ਕਿੱਸਾਗੋਈ, ਲੋਕ ਵਾਰ-ਕਵੀਸ਼ਰੀ ਦੀ ਵਿਧਾ ਰਾਹੀਂ ਲੋਕਧਾਰਾਈ ਅੰਦਾਜ਼ ਵਿੱਚ ਪੇਸ਼ ਕੀਤਾ ਗਿਆ। ਮੁੱਖ ਮਹਿਮਾਨ ਵੱਜੋਂ ਸ਼ਾਮਿਲ ਹੋਏ ਪ੍ਰਿੰਸੀਪਲ ਡਾ. ਹੀਰਾ ਸਿੰਘ ਨੇ ਨਾਟਕ ਦੀ ਪ੍ਰਸਤੁਤੀ ਦੀ ਪ੍ਰਸੰਸਾ ਕਰਦਿਆਂ ਕਿਹਾ ਕਿ ਇਤਿਹਾਸਕ ਨਾਟਕ ਦਾ ਮੰਚਨ ਚੁਣੌਤੀ ਭਰਪੂਰ ਕਾਰਜ ਹੈ ਜਿਸ ਦੀ ਈਮੈਨੁਅਲ ਸਿੰਘ ਅਤੇ ਉਸਦੀ ਟੀਮ ਦੁਆਰਾ ਬਾਕਮਾਲ ਪੇਸ਼ਕਾਰੀ ਕੀਤੀ ਗਈ ਹੈ। ਜ਼ਿਕਰਯੋਗ ਹੈ ਕਿ ਨਾਟਕ ਵਿੱਚ ਤਾਰੀਖ਼ਾਂ ਘਟਨਾਵਾਂ ਅਤੇ ਮਹਾਰਾਣੀ ਜਿੰਦਾਂ ਦੀਆਂ ਚਿੱਠੀਆਂ ਦੇ ਅਸਲ ਰੂਪ ਨੂੰ ਪੇਸ਼ ਕੀਤਾ ਗਿਆ ਅਤੇ ਖਾਲਸਾ ਰਾਜ ਦੇ ਤਖ਼ਤ ਦੀ ਹੂ-ਬ-ਹੂ ਨਕਲ ਰਾਹੀਂ ਉਸ ਸਮੇਂ ਦੇ ਸੁਨਹਿਰੀ ਇਤਿਹਾਸ ਨੂੰ ਦਰਸਾਇਆ ਗਿਆ।

ਵਿਸ਼ੇਸ਼ ਮਹਿਮਾਨ ਦੇ ਤੌਰ ਤੇ ਸ. ਹਰਜਾਪ ਸਿੰਘ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਪ੍ਰਸਿੱਧ ਰੰਗਕਰਮੀ ਤੇ ਫਿਲਮੀ ਅਦਾਕਾਰ ਹਰਦੀਪ ਗਿੱਲ, ਪ੍ਰਿੰਸੀਪਲ ਮਨਮਿੰਦਰ ਬਲੇਹਰ, ਸ. ਅਜ਼ਾਦ ਦੀਪ ਸਿੰਘ, ਪ੍ਰੋ. ਗੁਰਜੀਤ ਸਿੰਘ, ਜਗਦੀਪ ਸਿੰਘ ਬਾਵਾ ਤੋਂ ਇਲਾਵਾ ਸੁਖਪਾਲਜੀਤ ਕੌਰ, ਪੰਡਤ ਕਮਲ ਮਿਸ਼ਰਾ, ਨਵਪ੍ਰੀਤ ਸਿੰਘ ਸਫੀਪੁਰ ਤੋਂ ਇਲਾਵਾ ਵੱਖ-ਵੱਖ ਸਕੂਲਾਂ ਕਾਲਜਾਂ ਦੇ ਪ੍ਰਿੰਸੀਪਲ, ਅਧਿਆਪਕ ਅਤੇ ਸ਼ਹਿਰ ਦੇ ਪਤਵੰਤੇ ਸੱਜਣਾਂ ਨੇ ਵੱਡੀ ਗਿਣਤੀ ਵਿਚ ਹਾਜ਼ਰੀ ਭਰੀ। ਨਾਟਕ ਵਿੱਚ ਪ੍ਰੀਤਪਾਲ ਹੁੰਦਲ, ਗੁਰਪਿੰਦਰ ਕੌਰ, ਈਮੈਨੁਅਲ ਸਿੰਘ, ਮਰਕਸਪਾਲ ਗੁਮਟਾਲਾ, ਡਾ. ਆਤਮਾ ਸਿੰਘ ਗਿੱਲ, ਆਲਮ ਸਿੰਘ, ਲਖਵਿੰਦਰ ਲੱਕੀ, ਪ੍ਰਭਜੋਤ ਸੰਘਾ, ਸਾਰੰਗੀ ਵਾਦਕ ਪ੍ਰੋ. ਸੁਖਵਿੰਦਰ ਸਿੰਘ, ਜਸਵਿੰਦਰ ਸਿੰਘ, ਪ੍ਰੀਆਦੀਪ ਕੌਰ, ਰਵੀ ਕੁਮਾਰ, ਵਿਕਰਮ ਗੁਮਟਾਲਾ, ਸੁਰਭੀ, ਸੈਲਿਸ, ਅਚਲ, ਗੁਰਲੀਨ ਕੌਰ, ਮਨਪ੍ਰੀਤ ਕੌਰ, ਅਨਮੋਲ ਰਾਣਾ, ਦਿਵਾਂਸ਼ੂ, ਪ੍ਰਾਬੀਰ ਸਿੰਘ, ਸੁਖਦੀਪ ਸੁੱਖੀ ਆਦਿ ਅਦਾਕਾਰਾਂ ਨੇ ਨਾਟਕ ਵਿੱਚ ਅਹਿਮ ਭੂਮਿਕਾ ਨਿਭਾਈ।

## ਪੀਂਘਾਂ ਸੋਚ ਦੀਆਂ ਸਾਹਿਤ ਮੰਚ ਵੱਲੋਂ ਗੁਰਦਾਸਪੁਰ ਜ਼ਿਲੇ ਦੇ 20 ਲੇਖਕਾਂ ਦਾ ਕੀਤਾ ਗਿਆ ਸਨਮਾਨ

ਵਰਲਡ ਪੰਜਾਬੀ ਟਾਈਮਜ਼
ਰਸ਼ਪਿੰਦਰ ਕੌਰ ਗਿੱਲ




ਬਟਾਲਾ-22 ਅਪ੍ਰੈਲ: ਪੀਂਘਾਂ ਸੋਚ ਦੀਆਂ ਸਾਹਿਤ ਮੰਚ ਵੱਲੋਂ ਹਸਤ ਸ਼ਿਲਪ ਕਾਲਜ, ਬਟਾਲਾ ਵਿਖੇ ਗੁਰਦਾਸਪੁਰ ਜ਼ਿਲੇ ਦੇ 20 ਲੇਖਕਾਂ ਦਾ ਰੂਬਰੂ, ਕਵੀ ਦਰਬਾਰ ਅਤੇ ਸਨਮਾਨ ਸਮਾਰੋਹ ਕਰਵਾਇਆ ਗਿਆ। ਇਹ ਸਨਮਾਨ ਸਮਾਰੋਹ ਦੀ ਪ੍ਰਬੰਧਕੀ ਟੀਮ ਵਿੱਚ ਰਸ਼ਪਿੰਦਰ ਕੌਰ ਗਿੱਲ ਜੀ, ਪ੍ਰਵੀਨ ਕੌਰ ਸਿੱਧੂ ਜੀ, ਸੁਰਿੰਦਰ ਕੌਰ ਸਰਾਏ ਜੀ ਅਤੇ ਬਾਜਵਾ ਅਫਰੀਕਾ ਜੀ ਨੇ ਆਪਣਾ ਯੋਗਦਾਨ ਪਾਇਆ। ਇਸ ਸਮਾਰੋਹ ਵਿੱਚ ਨਵਜੋਤ ਕੌਰ ਬਾਜਵਾ ਜੀ, ਰਣਜੀਤ ਕੌਰ ਭਿੰਡਰ ਜੀ, ਭੁਪਿੰਦਰ






ਦੀਨਾਨਗਰ ਜੀ, ਡਾਕਟਰ ਰਮਨਦੀਪ ਸਿੰਘ ਦੀਪ ਜੀ, ਰਾਜੇਸ਼ ਕੁਮਾਰ ਬੱਬੀ ਜੀ, ਜਗਨ ਨਾਥ ਨਿਮਾਣਾ ਉਦੋਕੇ ਜੀ, ਰਾਜ ਕਲਾਨੌਰ ਜੀ, ਬਲਵੀਰ ਕੁਮਾਰ (ਬਾਬਾ ਬੀਰ੍ਹਾ) ਜੀ, ਜਸਵਿੰਦਰ ਕੌਰ ਜੀ, ਚਾਹਤਪ੍ਰੀਤ ਕੌਰ ਜੀ, ਪਵਨ ਕੁਮਾਰ ਜੀ, ਸੁਖਵਿੰਦਰ ਕੌਰ ਜੀ, ਡਾ ਸਤਿੰਦਰ ਕੌਰ ਕਾਹਲੋਂ ਜੀ, ਡਾ: ਸਤਿੰਦਰਜੀਤ ਕੌਰ ਬੁੱਟਰ ਜੀ, ਵਰਗਿਸ ਸਲਾਮਤ ਜੀ, ਅਜੀਤ ਕਮਲ ਜੀ, ਬਲਵਿੰਦਰ ਸਿੰਘ ਗੰਭੀਰ ਜੀ, ਰਮਨਦੀਪ ਕੌਰ ਜੀ, ਸੁਲਤਾਨ ਭਾਰਤੀ ਜੀ ਅਤੇ ਵਿਜੇ ਅਗਨੀਹੋਤਰੀ ਜੀ ਨੂੰ ਸਨਮਾਨਿਤ ਕੀਤਾ ਗਿਆ। ਇਸ ਸਮਾਗਮ ਵਿੱਚ ਸ਼ਾਮਿਲ ਹੋਣ ਲਈ ਉਚੇਚੇ ਤੌਰ ਤੇ ਪ੍ਰਵੀਨ ਕੌਰ ਸਿੱਧੂ ਜੀ, ਡਾ. ਹਰਮੀਤ ਕੌਰ ਮੀਤ ਜੀ, ਜਯੋਤੀ ਭਗਤ ਬਟਾਲਵੀ ਜੀ, ਰਣਜੀਤ ਕੌਰ ਬਾਜਵਾ ਜੀ, ਅਮਰੀਕ ਸਿੰਘ ਲੇਹਲ ਮਨਜਾਪ ਕੌਰ ਜੀ ਅਤੇ ਚਰਨਜੀਤ ਕੌਰ ਜੀ ਪਹੁੰਚੇ। ਲੇਖਕਾਂ ਦੀਆਂ ਰਚਨਾਵਾਂ ਸੁਣਨ ਲਈ ਕਾਲਜ ਦੇ ਵਿਦਿਆਰਥੀਆਂ ਨੇ ਵੀ ਸ਼ਮੂਲਿਯਤ ਕੀਤੀ। ਕਾਲਜ ਦੇ ਪ੍ਰਿੰਸੀਪਲ, ਵਾਇਸ ਪ੍ਰਿੰਸੀਪਲ ਅਤੇ ਅਧਿਆਪਕ ਵੀ ਉਚੇਚੇ ਤੌਰ ਤੇ ਲੇਖਕਾਂ ਦੀ ਮਹਿਫਲ ਵਿੱਚ ਸ਼ਾਮਲ ਹੋਏ। ਸਭ ਲੇਖਕਾਂ ਨੇ ਆਪਣੀ-ਆਪਣੀ ਰਚਨਾ ਸੁਣਾ ਕੇ ਸਰੋਤਿਆਂ ਨੂੰ ਸਮਾਜਿਕ ਕੁਰਿਤੀਆਂ ਬਾਰੇ ਸੋਚਣ ਤੇ ਮਜਬੂਰ ਕਰ ਦਿੱਤਾ। ਕਵੀ ਦਰਬਾਰ ਤੋਂ ਬਾਦ ਪੀਂਘਾਂ ਸੋਚ ਦੀਆਂ ਮੰਚ ਵੱਲੋਂ 20 ਲੇਖਕਾਂ ਨੂੰ ਮੰਚ ਦਾ ਸਨਮਾਨ ਚਿੰਨ੍ਹ ਅਤੇ ਮੰਚ ਦੀ ਨੋਟਬੁੱਕ ਦੇ ਕੇ ਸਨਮਾਨਿਤ ਕੀਤਾ ਗਿਆ। ਉਚੇਚੇ ਤੌਰ ਤੇ ਪਹੁੰਚੇ ਸਾਰੇ ਮਹਿਮਾਨਾਂ ਨੂੰ ਮੰਚ ਦੀ ਰਿਵਾਇਤ ਅਨੁਸਾਰ ਨੋਟਬੁੱਕ ਦੇ ਕੇ ਸਨਮਾਨਿਤ ਕੀਤਾ ਗਿਆ। ਪ੍ਰਬੰਧਕੀ ਟੀਮ ਨੂੰ ਮੰਚ ਵੱਲੋਂ ਸਨਮਾਨਿਤ ਚਿੰਨ੍ਹ ਭੇਂਟ ਕੀਤੇ ਗਏ। ਸਾਰਾ ਸਮਾਗਮ ਯਾਦਗਿਰੀ ਹੋ ਨਿਬੜਿਆ।

## ਸ. ਮੇਜਰ ਸਿੰਘ ਮੈਮੋਰੀਅਲ ਵੈਲਫ਼ੇਅਰ ਸੁਸਾਇਟੀ ਜੈਤੋ ਵੱਲੋਂ ਪਹਿਲਾ ਖ਼ੂਨਦਾਨ ਕੈਂਪ ਲਗਾਇਆ ਗਿਆ।

### ਖ਼ੂਨਦਾਨ ਕੈਂਪ ਵਿੱਚ 27 ਯੂਨਿਟ ਖ਼ੂਨਦਾਨ ਇਕੱਤਰ ਹੋਇਆ – ਪ੍ਰੋ. ਬੀਰ ਇੰਦਰ

ਵਰਲਡ ਪੰਜਾਬੀ ਟਾਈਮਜ਼

ਜੈਤੋ 22 ਅਪ੍ਰੈਲ : ਸ. ਮੇਜਰ ਸਿੰਘ ਮੈਮੋਰੀਅਲ ਵੈਲਫ਼ੇਅਰ ਸੁਸਾਇਟੀ ਜੈਤੋ ਵੱਲੋਂ ਸਵ: ਸ. ਮੇਜਰ ਸਿੰਘ ਜੀ (ਸੇਵਾ-ਮੁਕਤ ਇੰਸਪੈਕਟਰ ਪੰਜਾਬ ਰੋਡਵੇਜ਼) ਦੀ ਨਿੱਘੀ ਯਾਦ ਨੂੰ ਸਮਰਪਿਤ ਪਹਿਲਾ ਖ਼ੂਨਦਾਨ ਕੈਂਪ ਮਿਤੀ 20 ਅਪ੍ਰੈਲ 2025 ਨੂੰ ਗੁਰਦੁਆਰਾ ਸ੍ਰੀ ਗੰਗਸਰ ਸਾਹਿਬ ਪਾਤਸ਼ਾਹੀ ਦਸਵੀਂ (ਨੇੜੇ ਬੱਸ ਸਟੈਂਡ) ਜੈਤੋ ਵਿਖੇ ਲਗਾਇਆ ਗਿਆ। ਇਸ ਮੌਕੇ ਸੁਸਾਇਟੀ ਦੇ ਸੰਸਥਾਪਕ ਅਤੇ ਸਲਾਹਕਾਰ ਪ੍ਰੋ. ਬੀਰ ਇੰਦਰ ਨੇ ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਸ. ਮੇਜਰ ਸਿੰਘ ਜੀ ਦੀ ਯਾਦ ਨੂੰ ਸਮਰਪਿਤ ਇਸ ਪਹਿਲੇ ਖ਼ੂਨਦਾਨ ਕੈਂਪ ਦੌਰਾਨ 27 ਯੂਨਿਟ ਖ਼ੂਨਦਾਨ ਹੋਇਆ। ਖ਼ੂਨਦਾਨ ਕੈਂਪ ਦੀ ਸ਼ੁਰੂਆਤ ਸ. ਮੇਜਰ ਸਿੰਘ ਜੀ ਦੀ ਧਰਮਪਤਨੀ ਸਰਦਾਰਨੀ ਗੁਰਮੀਤ ਕੌਰ ਅਤੇ ਸਮੂਹ ਜੱਸੀ ਪਰਿਵਾਰ ਵੱਲੋਂ ਸ਼ਰਧਾਂਜਲੀ ਭੇਟ ਕਰਕੇ ਕੀਤੀ ਗਈ। ਇਸ ਖ਼ੂਨਦਾਨ ਕੈਂਪ ਦਾ ਉਦਘਾਟਨ ਕੈਪਟਨ ਧਰਮ ਸਿੰਘ ਗਿੱਲ (ਉੱਘੇ ਸਮਾਜ ਸੇਵੀ ਅਤੇ ਮੁੱਖ ਸੇਵਾਦਾਰ, ਗੁਰਦੁਆਰਾ ਲੰਗਰ ਮਾਤਾ ਖੀਵੀ ਜੀ ਫ਼ਰੀਦਕੋਟ) ਨੇ ਕੀਤਾ।








ਇਸ ਖ਼ੂਨਦਾਨ ਕੈਂਪ ਸਬੰਧੀ ਸੁਸਾਇਟੀ ਦੇ ਪ੍ਰਧਾਨ ਨਛੱਤਰ ਸਿੰਘ, ਸੀਨੀਅਰ ਮੀਤ ਪ੍ਰਧਾਨ ਭੋਲਾ ਸਿੰਘ, ਮੀਤ ਪ੍ਰਧਾਨ ਕੁਲਵਿੰਦਰ ਸਿੰਘ ਜੱਸੀ, ਜਨਰਲ ਸਕੱਤਰ ਬਰਿੰਦਰ ਪਾਲ ਸਿੰਘ, ਖ਼ਜ਼ਾਨਚੀ ਗੁਰਪ੍ਰੀਤ ਸਿੰਘ ਅਤੇ ਪ੍ਰੈੱਸ ਸਕੱਤਰ ਮਾਸਟਰ ਦਵਿੰਦਰ ਸਿੰਘ ਨੇ ਦੱਸਿਆ ਕਿ ਇਹ ਖ਼ੂਨਦਾਨ ਕੈਂਪ ਪ੍ਰੋ. ਬੀਰ ਇੰਦਰ ਦੇ ਸ਼ਲਾਘਾਯੋਗ ਯਤਨਾਂ ਸਦਕਾ ਲਗਾਇਆ ਜਾਣਾ ਸੰਭਵ ਹੋ ਸਕਿਆ। ਇਸ ਕੈਂਪ ਵਿੱਚ ਸ. ਜਸਵਿੰਦਰ ਸਿੰਘ ਢਿੱਲੋਂ ਮੇਮੋਰੀਅਲ ਵੈਲਫ਼ੇਅਰ ਸੁਸਾਇਟੀ (ਰਜਿ.) ਫ਼ਰੀਦਕੋਟ, ਦੀਪ ਬਲੱਡ ਸੈਂਟਰ ਫ਼ਰੀਦਕੋਟ, ਸਾਂਝ ਬਲੱਡ ਵੈਲਫ਼ੇਅਰ ਸੁਸਾਇਟੀ ਰਜਿ. ਫ਼ਰੀਦਕੋਟ, ਕਲਮਾਂ ਦੇ ਰੰਗ ਸਾਹਿਤ ਸਭਾ (ਰਜਿ.) ਫ਼ਰੀਦਕੋਟ ਦੇ ਸਹਿਯੋਗ ਨਾਲ ਲਗਾਇਆ ਗਿਆ।

ਅੰਤ ਵਿੱਚ ਖ਼ੂਨਦਾਨ ਕਰਨ ਵਾਲੇ ਵਿਅਕਤੀਆਂ, ਸਹਿਯੋਗੀਆਂ, ਇਲਾਕੇ ਦੇ ਪਤਵੰਤੇ ਸੱਜਣਾਂ ਆਦਿ ਨੂੰ ਸੁਸਾਇਟੀ ਵੱਲੋਂ ਸਰਟੀਫ਼ਿਕੇਟ ਅਤੇ ਸਨਮਾਨ ਵੀ ਦਿੱਤੇ ਗਏ। ਇਸ ਮੌਕੇ ਸੁਸਾਇਟੀ ਦੇ ਅਹੁਦੇਦਾਰਾਂ ਅਤੇ ਮੈਂਬਰਾਂ ਵਿੱਚੋਂ ਸੀਨੀਅਰ ਮੈਂਬਰ ਅਰਜਨ ਸਿੰਘ, ਸੁਰਜੀਤ ਸਿੰਘ, ਗੁਰਚਰਨ ਸਿੰਘ, ਮੈਂਬਰ ਜਗਦੇਵ ਸਿੰਘ, ਬੂਟਾ ਸਿੰਘ, ਅਮਰਿੰਦਰ ਸਿੰਘ, ਸਤਪਾਲ ਸਿੰਘ, ਨਵਜੋਤ ਸਿੰਘ, ਲਖਵਿੰਦਰ ਸਿੰਘ, ਗੁਰਜੀਵਨ ਸਿੰਘ, ਸ਼ਰਨਜੀਤ ਸਿੰਘ, ਪਿਆਰਾ ਸਿੰਘ ਆਦਿ ਸਮੂਹ ਮੈਂਬਰਾਂ ਤੋਂ ਇਲਾਵਾ ਤੋਂ ਇਲਾਵਾ ਗੁਰਜੀਤ ਹੈਰੀ ਢਿੱਲੋਂ, ਸ਼ਿਵਨਾਥ ਦਰਦੀ, ਧਰਮਪਾਲ ਬਾਵਾ, ਜਸਕਰਨ ਮੱਤਾ, ਪਰਦੀਪ ਸਿੰਘ ਅਟਵਾਲ, ਜਸਵੀਰ ਫ਼ੀਰਾ ਆਦਿ ਹਾਜ਼ਰ ਸਨ।

## ਪੰਜਾਬੀ ਸਾਹਿਤ ਸਭਾ ਰਜਿ ਫਰੀਦਕੋਟ ਵੱਲੋਂ ਦੋ ਪੁਸਤਕਾਂ ਲੋਕ ਅਰਪਣ ਕਰਨ ਦੀ ਤਿਆਰੀ

ਵਰਲਡ ਪੰਜਾਬੀ ਟਾਈਮਜ਼

ਫਰੀਦਕੋਟ 22 ਅਪ੍ਰੈਲ : ਪੰਜਾਬੀ ਸਾਹਿਤ ਸਭਾ ਰਜ਼ਿ ਫਰੀਦਕੋਟ ਦੀ ਕਾਰਜਕਾਰਨੀ ਦੀ ਮੀਟਿੰਗ ਮਿਤੀ 21 ਅਪ੍ਰੈਲ 2025 ਦਿਨ ਸੋਮਵਾਰ ਨੂੰ ਗੁਰਦੁਆਰਾ ਸਾਹਿਬ ਹਰਿੰਦਰਾ ਨਗਰ ਫਰੀਦਕੋਟ ਵਿਖੇ ਹੋਈ ਜਿਸ ਦੀ ਪ੍ਰਧਾਨਗੀ ਪ੍ਰਸਿੱਧ ਸ਼ਾਇਰ ਪ੍ਰਿੰਸੀਪਲ ਨਵਰਾਹੀ ਘੁਗਿਆਣਵੀ ਜੀ ਨੇ ਕੀਤੀ। ਇਸ ਮੀਟਿੰਗ ਵਿੱਚ ਇਕਬਾਲ ਘਾਰੂ, ਕਰਨਲ ਬਲਬੀਰ ਸਿੰਘ ਸਰਾਂ, ਵਤਨਵੀਰ ਜ਼ਖਮੀ,



ਸਤਪਾਲ ਸਿੰਘ ਸੋਹਲ, ਲਾਲ ਸਿੰਘ ਕਲਸੀ, ਸੁਰਿੰਦਰਪਾਲ ਸ਼ਰਮਾ ਭਲੂਰ , ਚਰਨਜੀਤ ਸਿੰਘ ਲਾਇਬ੍ਰੇਰੀਅਨ ਆਦਿ ਹਾਜ਼ਰ ਸਨ। ਇਸ ਮੀਟਿੰਗ ਵਿੱਚ ਅਨੇਕਾਂ ਪੁਸਤਕਾਂ ਦੇ ਰਚੇਤਾ ਪ੍ਰਸਿੱਧ ਕਹਾਣੀਕਾਰ ਲਾਲ ਸਿੰਘ ਕਲਸੀ ਦੀ ਪੁਸਤਕ " ਸਿਰ ਦੀ ਛੱਤ " ਅਤੇ ਸਤਪਾਲ ਸਿੰਘ ਸੋਹਲ ਦੀ ਪੁਸਤਕ " ਗੀਤ ਮੇਰਾ ਸਰਮਾਇਆ" ਦੇ ਲੋਕ ਅਰਪਣ ਸਮਾਗਮ ਦੀ ਰੂਪ ਰੇਖਾ ਉਲੀਕੀ ਗਈ। ਇਸ ਦੌਰਾਨ ਹਾਜ਼ਰ ਲੇਖਕਾਂ ਨੇ ਆਪੋ ਆਪਣੇ ਵਿਚਾਰ ਪੇਸ਼ ਕੀਤੇ। ਹਾਜ਼ਰ ਲੇਖਕਾਂ ਦੇ ਵਿਚਾਰਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਸਭਾ ਵੱਲੋਂ ਫੈਸਲਾ ਕੀਤਾ ਗਿਆ ਕਿ ਕਹਾਣੀਕਾਰ ਲਾਲ ਸਿੰਘ ਕਲਸੀ ਦੀ ਪੁਸਤਕ " ਸਿਰ ਦੀ ਛੱਤ " ਅਤੇ ਸਤਪਾਲ ਸਿੰਘ ਸੋਹਲ ਦੀ ਪੁਸਤਕ " ਗੀਤ ਮੇਰਾ ਸਰਮਾਇਆ" ਦਾ ਲੋਕ ਅਰਪਣ ਸਮਾਰੋਹ ਮਿਤੀ 27 ਅਪ੍ਰੈਲ 2025 ਦਿਨ ਐਤਵਾਰ ਨੂੰ ਸਵੇਰੇ 10 ਵਜੇ ਤੋ ਦੁਪਹਿਰ 1 ਵਜੇ ਤੱਕ ਸਥਾਨਕ ਪੈਨਸ਼ਨ ਭਵਨ ਫਰੀਦਕੋਟ ਨਜ਼ਦੀਕ ਹੁੱਕੀ ਚੌਂਕ ਫਰੀਦਕੋਟ ਵਿਖੇ ਹੋਵੇਗਾ। ਇਸ ਸਮਾਗਮ ਵਿੱਚ ਜ਼ਿਲ੍ਹਾ ਭਾਸ਼ਾ ਅਫਸਰ ਮਨਜੀਤ ਪੁਰੀ ਵੀ ਸ਼ਿਰਕਤ ਕਰਨਗੇ। ਹਾਜ਼ਰ ਕਵੀ ਆਪਣੀਆਂ ਰਚਨਾਵਾਂ ਪੇਸ਼ ਕਰਨਗੇ। ਸਮੂਹ ਮੈਬਰਾਨ ਪੰਜਾਬੀ ਸਾਹਿਤ ਸਭਾ ਰਜ਼ਿ ਫਰੀਦਕੋਟ ਨੂੰ ਸਮੇ ਸਿਰ ਪਹੁੰਚਣ ਲਈ ਬੇਨਤੀ ਕੀਤੀ ਜਾਂਦੀ ਹੈ।

# "ਮੌਤ ਤੋ ਆਨੀ ਹੈ..." : ਕੁੰਵਰ ਬੇਚੈਨ

1 ਜੁਲਾਈ 1942 ਈ. ਨੂੰ ਪਿੰਡ ਉਮਰੀ ਜ਼ਿਲ੍ਹਾ ਮੁਰਾਦਾਬਾਦ (ਉੱਤਰ ਪ੍ਰਦੇਸ਼) ਵਿਖੇ ਜਨਮੇ ਕੁੰਵਰ ਬੇਚੈਨ ਦਾ ਬਚਪਨ ਚੰਦੌਸੀ ਵਿੱਚ ਬੀਤਿਆ। ਉਸਦਾ ਅਸਲੀ ਨਾਂ ਕੁੰਵਰ ਬਹਾਦਰ ਸਕਸੈਨਾ ਸੀ। ਉਸਨੇ ਐਮਕਾਮ., ਐਮਏ, ਪੀਐਚਡੀ. ਦੀ ਵਿਦਿਆ ਹਾਸਲ ਕਰਕੇ ਐਮ ਐਮ ਐਚ ਕਾਲਜ ਗਾਜ਼ੀਆਬਾਦ ਵਿਖੇ ਹਿੰਦੀ ਵਿਭਾਗ ਵਿੱਚ ਪ੍ਰਾਧਿਆਪਕ ਵਜੋਂ ਕਾਰਜ ਕੀਤਾ, ਜਿੱਥੋਂ ਉਹ 2001 ਵਿੱਚ ਵਿਭਾਗ-ਮੁਖੀ ਵਜੋਂ ਸੇਵਾਮੁਕਤ ਹੋਇਆ।

ਪੱਛਮੀ ਉੱਤਰ ਪ੍ਰਦੇਸ਼ ਦੀ ਧਰਤੀ ਛੰਦ ਦੀ ਦ੍ਰਿਸ਼ਟੀ ਤੋਂ ਬਹੁਤ ਜ਼ਰਖੇਜ਼ ਮੰਨੀ ਜਾਂਦੀ ਹੈ, ਜਿੱਥੇ ਗੀਤਾਂ ਦੇ ਇੱਕ ਤੋਂ ਇੱਕ ਮਹਾਨ ਕਵੀ ਪੈਦਾ ਹੋਏ। ਨੀਰਜ, ਭਾਰਤ ਭੂਸ਼ਣ, ਕ੍ਰਿਸ਼ਨ ਸਰੋਜ, ਬਲਬੀਰ ਸਿੰਘ ਰੰਗ, ਰਮੇਸ਼ ਰੰਜਕ ਅਤੇ ਰਾਮ ਅਵਤਾਰ ਤਿਆਗੀ ਜਿਹੇ ਬਹੁਤ ਸਾਰੇ ਗੀਤਕਾਰ ਇਸੇ ਇਲਾਕੇ ਨਾਲ ਸਬੰਧ ਰੱਖਦੇ ਹਨ। ਇਨ੍ਹਾਂ ਵਿੱਚੋਂ ਹਰੇਕ ਗੀਤਕਾਰ ਦਾ ਆਪਣਾ ਰੰਗ ਰਿਹਾ ਹੈ ਅਤੇ ਮੰਚ ਦੀ ਦੁਨੀਆਂ ਇਨ੍ਹਾਂ ਤੋਂ ਹੀ ਪਹਿਚਾਣੀ ਜਾਂਦੀ ਰਹੀ ਹੈ। ਇਹੋ ਕਾਰਨ ਹੈ ਕਿ ਕੁੰਵਰ ਬਹਾਦਰ ਸਕਸੈਨਾ ਤੋਂ ਕੁੰਵਰ ਬੇਚੈਨ ਬਣੇ ਇਸ ਕਵੀ ਨੇ ਜਦੋਂ ਲਿਖਣਾ ਸ਼ੁਰੂ ਕੀਤਾ ਤਾਂ ਗੀਤਾਂ ਵਿੱਚ ਜਿਵੇਂ ਇੱਕ ਨਵੀਂ ਚਮਕ ਜਿਹੀ ਆ ਗਈ ਹੋਵੇ! ਉਸ ਨੇ ਬਹੁਤ ਸਾਰੇ ਕਵੀ- ਸੰਮੇਲਨਾਂ ਵਿਚ ਹਿੱਸਾ ਲਿਆ ਸੀ, ਜਿਸ ਵਿੱਚ ਸਬ ਟੀਵੀ ਤੇ ਕਵਿਤਾ ਦੇ ਪ੍ਰੋਗਰਾਮ "ਵਾਹ ਵਾਹ ਕਿਆ ਬਾਤ ਹੈ!" ਵੀ ਸ਼ਾਮਲ ਹੈ। ਉਹ ਪ੍ਰਸਿੱਧ ਹਿੰਦੀ ਕਵੀ ਡਾ. ਕੁਮਾਰ ਵਿਸ਼ਵਾਸ ਦਾ ਪੀਐੱਚ ਡੀ ਦਾ ਸਲਾਹਕਾਰ ਵੀ ਰਿਹਾ।

ਕੁੰਵਰ ਬੇਚੈਨ ਗ਼ਜ਼ਲ ਲਿਖਣ ਵਾਲੇ ਆਧੁਨਿਕ ਤੇ ਜਾਗਰੂਕ ਰਚਨਾਕਾਰਾਂ ਵਿੱਚੋਂ ਸੀ। ਉਹਨੇ ਆਧੁਨਿਕ ਗ਼ਜ਼ਲ ਨੂੰ ਸਮਕਾਲੀਨ ਜਾਮਾ ਪਹਿਨਾ ਕੇ ਆਮ ਆਦਮੀ ਦੇ ਦੈਨਿਕ ਜੀਵਨ ਨਾਲ਼ ਜੋੜਿਆ। ਇਹੋ ਕਾਰਨ ਹੈ ਕਿ ਉਹ ਹਿੰਦੀ ਕਵੀ ਨੀਰਜ ਪਿੱਛੋਂ ਮੰਚ ਤੇ ਸਲਾਹੇ ਜਾਣ ਵਾਲ਼ੇ ਕਵੀਆਂ ਵਿੱਚੋਂ ਸਭ ਤੋਂ ਅੱਗੇ ਸੀ। ਉਹਨੇ ਗੀਤਾਂ ਵਿੱਚ ਵੀ ਇਸੇ ਪਰੰਪਰਾ ਨੂੰ ਕਾਇਮ ਰੱਖਿਆ। ਉਹ ਨਾ ਸਿਰਫ਼ ਪੜ੍ਹਿਆ ਤੇ ਸੁਣਿਆ ਹੀ ਗਿਆ, ਸਗੋਂ ਕੈਸਿਟਾਂ ਦੀ ਦੁਨੀਆਂ ਵਿੱਚ ਵੀ ਬਹੁਤ ਲੋਕਪ੍ਰਿਯ ਰਿਹਾ। ਉਸ ਦੀਆਂ ਲਿਖੀਆਂ ਕਿਤਾਬਾਂ ਦੀ ਗਿਣਤੀ 35 ਤੋਂ ਵੀ ਵਧੇਰੇ ਹੈ, ਜਿਨ੍ਹਾਂ ਵਿੱਚ 9 ਗੀਤ-ਸੰਗ੍ਰਹਿ, 15 ਗ਼ਜ਼ਲ-ਸੰਗ੍ਰਹਿ, 2 ਕਾਵਿ-ਸੰਗ੍ਰਹਿ, ਇੱਕ ਮਹਾਂਕਾਵਿ, ਇੱਕ ਹਾਇਕੂ-ਸੰਗ੍ਰਹਿ, ਇੱਕ ਦੋਹਾ-ਸੰਗ੍ਰਹਿ, ਇੱਕ ਸਫ਼ਰਨਾਮਾ ਤੇ 2 ਨਾਵਲਾਂ ਸਮੇਤ 'ਗ਼ਜ਼ਲ ਕਾ ਵਿਆਕਰਣ' ਨਾਂ ਦੀ ਗ਼ਜ਼ਲ-ਸੰਰਚਨਾ ਸਮਝਣ-ਸਮਝਾਉਣ ਵਾਲ਼ੀ ਇੱਕ ਅਤਿਅੰਤ ਮਹੱਤਵਪੂਰਣ ਪੁਸਤਕ ਵੀ ਸ਼ਾਮਲ ਹੈ।

ਇਨ੍ਹਾਂ ਪੁਸਤਕਾਂ ਦੇ ਨਾਂ ਹਨ- ਪਿਨ ਬਹੁਤ ਸਾਰੇ, ਭੀਤਰ ਸਾਂਕਲ: ਬਾਹਰ ਸਾਂਕਲ, ਉਰਵਸ਼ੀ ਹੋ ਤੁਮ, ਝੁਲਸੋ ਮਤ ਮੋਰਪੰਖ, ਏਕ ਦੀਪ ਚੌਮੁਖੀ, ਨਦੀ ਪਸੀਨੇ ਕੀ, ਦਿਨ ਦਿਵੰਗਤ ਹੁਏ, ਸ਼ਾਮਿਆਨੇ ਕਾਂਚ ਕੇ, ਮਹਾਵਰ ਇੰਤਜ਼ਾਰੋਂ ਕਾ, ਰੱਸੀਆਂ ਪਾਨੀ ਕੀ, ਪੱਥਰ ਕੀ ਬਾਂਸੁਰੀ, ਦੀਵਾਰੋਂ ਪਰ ਦਸਤਕ, ਨਾਵ ਬਨਤਾ ਹੂਆ ਕਾਗਜ਼, ਆਗ ਪਰ ਕੰਦੀਲ, ਆਂਧੀਓਂ ਮੇਂ ਪੇੜ, ਆਠ ਸੁਰੋਂ ਕੀ ਬਾਂਸੁਰੀ, ਆਂਗਨ ਕੀ ਅਲਗਨੀ, ਤੋ ਸੁਬਹ ਹੋ, ਕੋਈ ਆਵਾਜ਼ ਦੇਤਾ ਹੈ, ਨਦੀ ਤੁਮ ਰੁਕ ਕਿਉਂ ਗਈ, ਸ਼ਬਦ: ਏਕ ਲਾਲਟੇਨ ਅਤੇ ਮਹਾਂਕਾਵਿ ਪੰਚਾਲੀ ਆਦਿ।

ਕੁੰਵਰ ਬੇਚੈਨ ਨੇ ਕਈ ਦੇਸ਼ਾਂ– ਮਾਰੀਸ਼ਸ, ਰੂਸ, ਸਿੰਘਾਪੁਰ, ਇੰਡੋਨੇਸ਼ੀਆ, ਮਸਕਟ, ਅਮਰੀਕਾ, ਕੈਨੇਡਾ, ਯੂ ਕੇ, ਦੁਬਈ, ਸੂਰੀਨਾਮ, ਹਾਲੈਂਡ, ਫਰਾਂਸ, ਜਰਮਨੀ, ਬੈਲਜ਼ੀਅਮ, ਸਵਿੱਟਜ਼ਰਲੈਂਡ, ਲਗਜ਼ਮਬਰਗ, ਪਾਕਿਸਤਾਨ, ਜਾਪਾਨ ਆਦਿ ਦੀ ਯਾਤਰਾ ਕੀਤੀ ਅਤੇ ਬਹੁਤ ਸਾਰੀਆਂ ਮਹੱਤਵਪੂਰਣ ਸੰਸਥਾਵਾਂ (ਕਰੀਬ ਢਾਈ ਸੌ ਤੋਂ ਵੱਧ) ਵੱਲੋਂ ਸਨਮਾਨ ਪ੍ਰਾਪਤ ਕੀਤੇ। ਹਿੰਦੀ ਗ਼ਜ਼ਲਾਂ ਅਤੇ ਗੀਤਾਂ ਦੇ ਇਸ ਮਹੱਤਵਪੂਰਣ ਹਸਤਾਖਰ ਦਾ 29 ਅਪ੍ਰੈਲ 2021 ਨੂੰ ਦੇਹਾਂਤ ਹੋ ਗਿਆ।

ਪਾਠਕਾਂ ਦੀ ਦਿਲਚਸਪੀ ਲਈ ਉਸ ਵੱਲੋਂ ਲਿਖੀਆਂ ਕੁਝ ਗ਼ਜ਼ਲਾਂ ਦਾ ਪੰਜਾਬੀ ਲਿਪੀਅੰਤਰ ਪੇਸ਼ ਹੈ:

-1-

ਮੌਤ ਤੋ ਆਨੀ ਹੈ ਤੋ ਫਿਰ ਮੌਤ ਕਾ ਕਿਉਂ ਡਰ ਰਖੂੰ
ਜ਼ਿੰਦਗੀ ਆ, ਤੇਰੇ ਕਦਮੋਂ ਪਰ ਮੈਂ ਅਪਨਾ ਸਰ ਰਖੂੰ

ਜਿਸਮੇਂ ਮਾਂ ਔਰ ਬਾਪ ਕੀ ਸੇਵਾ ਕਾ ਸ਼ੁਭ ਸੰਕਲਪ ਹੋ
ਚਾਹਤਾ ਹੂੰ ਮੈਂ ਭੀ ਕਾਂਧੇ ਪਰ ਵਹੀ ਕਾਂਵਰ ਰਖੂੰ

ਹਾਂ ਮੁਝੇ ਉੜਨਾ ਹੈ ਲੇਕਿਨ ਇਸਕਾ ਮਤਲਬ ਯਹ ਨਹੀਂ
ਅਪਨੇ ਸੱਚੇ ਬਾਜ਼ੂਓਂ ਮੇਂ ਇਸਕੇ-ਉਸਕੇ ਪਰ ਰਖੂੰ

ਆਜ ਕੈਸੇ ਇਮਤਿਹਾਂ ਮੇਂ ਉਸਨੇ ਡਾਲਾ ਹੈ ਮੁਝੇ
ਹੁਕਮ ਯਹ ਦੇਕਰ ਕਿ ਆਪਣਾ ਧੜ ਰਖੂੰ ਯਾ ਸਰ ਰਖੂੰ

ਕੌਨ ਜਾਨੇ ਕਬ ਬੁਲਾਵਾ ਆਏ ਔਰ ਜਾਨਾ ਪੜੇ
ਸੋਚਤਾ ਹੂੰ ਹਰ ਘੜੀ ਤੈਯਾਰ ਅਬ ਬਿਸਤਰ ਰਖੂੰ

ਐਸਾ ਕਹਨਾ ਹੋ ਗਯਾ ਹੈ ਮੇਰੀ ਆਦਤ ਮੇਂ ਸ਼ੁਮਾਰ
ਕਾਮ ਵੋ ਤੋ ਕਰ ਲਿਆ ਹੈ ਕਾਮ ਯੇ ਭੀ ਕਰ ਰਖੂੰ

ਖੇਲ੍ਹ ਭੀ ਚਲਤਾ ਰਹੇ ਔਰ ਬਾਤ ਭੀ ਹੋਤੀ ਰਹੇ
ਤੁਮ ਸਵਾਲੋਂ ਕੋ ਰਖੋ ਮੈਂ ਸਾਮਨੇ ਉੱਤਰ ਰਖੂੰ



-2-

ਬੜਾ ਉਦਾਸ ਸਫ਼ਰ ਹੈ ਹਮਾਰੇ ਸਾਥ ਰਹੋ
ਬਸ ਏਕ ਤੁਮ ਪੇ ਨਜ਼ਰ ਹੈ ਹਮਾਰੇ ਸਾਥ ਰਹੋ

ਹਮ ਆਜ ਐਸੇ ਕਿਸੀ ਜ਼ਿੰਦਗੀ ਕੇ ਮੋੜ ਪੇ ਹੈਂ
ਨ ਕੋਈ ਰਾਹ ਨ ਘਰ ਹੈ ਹਮਾਰੇ ਸਾਥ ਰਹੋ

ਤੁਮਹੇਂ ਹੀ ਛਾਂਵ ਸਮਝਕਰ ਹਮ ਆ ਗਏ ਹੈਂ ਇਧਰ
ਤੁਮਹਾਰੇ ਗੋਦ ਮੇਂ ਸਰ ਹੈ ਹਮਾਰੇ ਸਾਥ ਰਹੋ

ਯੇ ਨਾਵ ਦਿਲ ਕੀ ਅਭੀ ਡੂਬ ਹੀ ਨ ਜਾਏ ਕਹੀਂ
ਹਰੇਕ ਸਾਂਸ ਭੰਵਰ ਹੈ ਹਮਾਰੇ ਸਾਥ ਰਹੋ

ਜ਼ਮਾਨਾ ਜਿਸਕੋ ਮੁਹੱਬਤ ਕਾ ਨਾਮ ਦੇਤਾ ਰਹਾ
ਅਭੀ ਅਜਾਨੀ ਡਗਰ ਹੈ ਹਮਾਰੇ ਸਾਥ ਰਹੋ

ਇਧਰ ਚਰਾਗ਼ ਧੂਏਂ ਮੇਂ ਘਿਰੇ-ਘਿਰੇ ਹੈਂ 'ਕੁੰਵਰ'
ਉਧਰ ਯੇ ਰਾਤ ਕਾ ਡਰ ਹੈ ਹਮਾਰੇ ਸਾਥ ਰਹੋ

-3-

ਉਂਗਲੀਆਂ ਥਾਮ ਕੇ ਖ਼ੁਦ ਚਲਨਾ ਸਿਖਾਇਆ ਥਾ ਜਿਸੇ
ਰਾਹ ਮੇਂ ਛੋੜ ਗਯਾ ਰਾਹ ਪੇ ਲਾਇਆ ਥਾ ਜਿਸੇ

ਉਸਨੇ ਪੋਂਛੇ ਹੀ ਨਹੀਂ ਅਸ਼ਕ ਮੇਰੀ ਆਂਖੋਂ ਸੇ
ਮੈਨੇ ਖੁਦ ਰੋ ਕੇ ਬਹੁਤ ਦੇਰ ਹਸਾਇਆ ਥਾ ਜਿਸੇ

ਬਸ ਉਸੀ ਦਿਨ ਸੇ ਖ਼ਫ਼ਾ ਹੈ ਵੋ ਮੇਰਾ ਇਕ ਚੇਹਰਾ
ਧੂਪ ਮੇਂ ਆਈਨਾ ਇਕ ਰੋਜ਼ ਦਿਖਾਇਆ ਥਾ ਜਿਸੇ

ਛੂ ਕੇ ਹੋਂਠੋ ਕੋ ਮੇਰੇ ਵੋ ਭੀ ਕਹੀਂ ਦੂਰ ਗਈ
ਇਕ ਗਜ਼ਲ ਸ਼ੌਕ ਸੇ ਮੈਨੇ ਕਭੀ ਗਾਇਆ ਥਾ ਜਿਸੇ

ਦੇ ਗਯਾ ਘਾਵ ਵੋ ਐਸੇ ਕਿ ਜੋ ਭਰਤੇ ਹੀ ਨਹੀਂ
ਅਪਨੇ ਸੀਨੇ ਸੇ ਕਭੀ ਮੈਨੇ ਲਗਾਇਆ ਥਾ ਜਿਸੇ

ਹੋਸ਼ ਆਇਆ ਤੋ ਹੂਆ ਯਹ ਕਿ ਮੇਰਾ ਇਕ ਦੁਸ਼ਮਨ
ਯਾਦ ਫਿਰ ਆਨੇ ਲਗਾ ਮੈਂਨੇ ਭੁਲਾਇਆ ਥਾ ਜਿਸੇ

ਵੋ ਬੜਾ ਕਯਾ ਹੂਆ ਸਰ ਪਰ ਹੀ ਚੜ੍ਹਾ ਜਾਤਾ ਹੈ
ਮੈਨੇ ਕਾਂਧੇ ਪੇ 'ਕੁੰਵਰ' ਹੰਸ ਕੇ ਬਿਠਾਇਆ ਥਾ ਜਿਸੇ

ਵਰਲਡ ਪੰਜਾਬੀ ਟਾਈਮਜ਼
ਪ੍ਰੋ. ਨਵ ਸੰਗੀਤ ਸਿੰਘ

-4-

ਕੋਈ ਰਸਤਾ ਹੈ ਨ ਮੰਜ਼ਿਲ ਨ ਤੋ ਘਰ ਹੈ ਕੋਈ
ਆਪ ਕਹੀਏਗਾ ਸਫ਼ਰ ਯੇ ਭੀ ਸਫ਼ਰ ਹੈ ਕੋਈ

'ਪਾਸ-ਬੁੱਕ' ਪਰ ਤੋ ਨਜ਼ਰ ਹੈ ਕਿ ਕਹਾਂ ਰੱਖੀ ਹੈ
ਪਿਆਰ ਕੇ ਖ਼ਤ ਕਾ ਪਤਾ ਹੈ ਨ ਖ਼ਬਰ ਹੈ ਕੋਈ

ਠੋਕਰੇਂ ਦੇ ਕੇ ਤੁਝੇ ਉਸਨੇ ਤੋ ਸਮਝਾਇਆ ਬਹੁਤ
ਏਕ ਠੋਕਰ ਕਾ ਭੀ ਕਯਾ ਤੁਝਪੇ ਅਸਰ ਹੈ ਕੋਈ

ਰਾਤ-ਦਿਨ ਅਪਨੇ ਇਸ਼ਾਰੋਂ ਪੇ ਨਚਾਤਾ ਹੈ ਮੁਝੇ
ਮੈਨੇ ਦੇਖਾ ਤੋ ਨਹੀਂ, ਮੁਝ ਮੇਂ ਮਗਰ ਹੈ ਕੋਈ

ਏਕ ਭੀ ਦਿਲ ਮੇਂ ਨਾ ਉਤਰੀ, ਨ ਕੋਈ ਦੋਸਤ ਬਨਾ
ਯਾਰ ਤੂ ਯਹ ਤੋ ਬਤਾ ਯਹ ਭੀ ਨਜ਼ਰ ਹੈ ਕੋਈ

ਪਿਆਰ ਸੇ ਹਾਥ ਮਿਲਾਨੇ ਸੇ ਹੀ ਪੁਲ ਬਨਤੇ ਹੈਂ
ਕਾਟ ਦੋ, ਕਾਟ ਦੋ ਗਰ ਦਿਲ ਮੇਂ ਭੰਵਰ ਹੈ ਕੋਈ

ਮੌਤ ਦੀਵਾਰ ਹੈ, ਦੀਵਾਰ ਕੇ ਉਸ ਪਾਰ ਸੇ ਅਬ
ਮੁਝ ਕੋ ਰਹ-ਰਹ ਕੇ ਬੁਲਾਤਾ ਹੈ ਉਧਰ ਹੈ ਕੋਈ

ਸਾਰੀ ਦੁਨੀਆ ਮੇਂ ਲੁਟਾਤਾ ਹੀ ਰਹਾ ਪਿਆਰ ਅਪਨਾ
ਕੌਨ ਹੈ, ਸੁਨਤੇ ਹੈਂ, 'ਬੇਚੈਨ ਕੁੰਵਰ' ਹੈ ਕੋਈ

**